Send Through E-mail

# ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਅਜੀਤਗੜ੍ਹ, ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ

1. ਸਮੂਹ ਪ੍ਰਿੰਸੀਪਲਜ਼
   ਸਰਕਾਰੀ ਇੰਨ-ਸਰਵਿਸ ਟ੍ਰੇਨਿੰਗ ਸੈਂਟਰ, ਪੰਜਾਬ

2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ:)
   ਪੰਜਾਬ।

**ਮੀਮੋ ਨੰ: ਐਸ. ਸੀ. ਈ. ਆਰ. ਟੀ. / ਟੀਚਰ ਟ੍ਰੇਨਿੰਗ**/1543.

ਮਿਤੀ:18/11/2015 **ਐਸ.ਏ.ਐਸ.ਨਗਰ**

**ਵਿਸ਼ਾ: ਟੀਚਰ ਟ੍ਰੇਨਿੰਗ ਪ੍ਰੋਗਰਾਮ 2015 ਤਹਿਤ ਮਾਸਟਰ ਰਿਸੋਰਸ ਪਰਸਨਜ਼ ਦੇ ਮੋਟੀਵੇਸ਼ਨਲ ਸ਼ੈਸ਼ਨ ਲਈ ਤਿੰਨ ਰੋਜ਼ਾ (ਮਿਤੀ 23-25 ਨਵੰਬਰ, 2015, ਸਵੇਰੇ 9.00 ਵਜੇ ਤੋਂ) ਓਰੀਐਨਟੇਸ਼ਨ ਕਰਵਾਉਣ ਸਬੰਧੀ।**

ਟੀਚਰ ਟ੍ਰੇਨਿੰਗ ਪ੍ਰੋਗਰਾਮ 2015 ਨੂੰ ਰਸਮੀ ਤੌਰ ਤੇ ਸ਼ੁਰੂ ਕਰਨ ਲਈ ਪਹਿਲਾਂ ਕੀ-ਰਿਸੋਰਸ ਪਰਸਨਜ਼ ਦੁਆਰਾ ਸਮੂਹ ਐਮ.ਆਰ.ਪੀਜ਼. ਨੂੰ ਤਿੰਨ ਰੋਜ਼ਾ ਮੋਟੀਵੇਸ਼ਨਲ ਟ੍ਰੇਨਿੰਗ **ਅਤੇ ਕੰਟੈਂਟ ਬੇਸਡ** ਟ੍ਰੇਨਿੰਗ ਦਿੱਤੇ ਜਾਣ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਤਿੰਨ ਰੋਜ਼ਾ ਓਰੀਐਨਟੇਸ਼ਨ ਮਿਤੀ 23 ਤੋਂ 25 ਨਵੰਬਰ 2015 ਤੱਕ ਨੈਸ਼ਨਲ ਇੰਸਟੀਚਿਊਟ ਆਫ ਟੈਕਨੀਕਲ ਟੀਚਰ ਟ੍ਰੇਨਿੰਗ ਅਤੇ ਰੀਸਰਚ, ਸੈਕਟਰ 26 ਚੰਡੀਗੜ ਵਿਖੇ ਰੱਖੀ ਗਈ ਹੈ।

ਇਸ ਓਰੀਐਨਟੇਸ਼ਨ ਵਿੱਚ ਮੁੱਖ ਮਹਿਮਾਨ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਜੀ ਹੋਣਗੇ। ਇਸ ਵਿੱਚ ਮਾਣਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ, ਮਾਣਯੋਗ ਡੀ.ਜੀ.ਐਸ.ਈ. ਜੀ, ਡੀ.ਪੀ.ਆਈ. (ਸੈ:ਸਿ:) ਡੀ.ਪੀ.ਆਈ. (ਐ: ਸਿ:) , ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ, ਅਤੇ ਹੋਰ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਤੋਂ ਇਲਾਵਾ ਟੀਚਰ ਟ੍ਰੇਨਿੰਗ ਲਈ ਨਿਯੁਕਤ ਕੀਤੇ ਕੀ-ਰਿਸੋਰਸ ਪਰਸਨ ਅਤੇ ਮਾਸਟਰ ਰਿਸੋਰਸ ਪਰਸਨਜ਼ (ਐਮ.ਆਰ.ਪੀਜ਼) ਭਾਗ ਲੈਣਗੇ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ:) ਅਤੇ ਗਣਿਤ ਵਿਸ਼ੇ ਦੇ ਮਾਸਟਰ ਰਿਸੋਰਸ ਪਰਸਨ ਸਿਰਫ ਮਿਤੀ 23-11-2015 ਨੂੰ ਇਸ ਓਰੀਐਨਟੇਸ਼ਨ ਵਿੱਚ ਭਾਗ ਲੈਣਗੇ।

ਇਸ ਲਈ ਆਪ ਜੀ ਨੂੰ ਆਪਣੇ ਸਰਕਾਰੀ ਇੰਨ-ਸਰਵਿਸ ਟ੍ਰੇਨਿੰਗ ਸੈਂਟਰਜ਼ ਅਤੇ ਆਪਣੀ ਸੰਸਥਾ ਨਾਲ ਕਲੱਬ ਕੀਤੇ ਗਏ ਜ਼ਿਲ੍ਹੇ ਦੇ ਵਿੱਚ ਕੰਮ ਕਰ ਰਹੇ ਮਾਸਟਰ ਰਿਸੋਰਸ ਪਰਸਨਜ਼ ਦੀ ਇਸ ਓਰੀਐਨਟੇਸ਼ਨ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਲਿਖਿਆ ਜਾਂਦਾ ਹੈ।

ਇਸ ਤੋਂ ਇਲਾਵਾ ਜੇਕਰ ਕੋਈ ਮਾਸਟਰ ਰਿਸੋਰਸ ਪਰਸਨ ਇਸ ਓਰੀਐਨਟੇਸ਼ਨ ਲਈ 23.11.2015 ਅਤੇ 24.11.2015 ਨੂੰ ਸਰਕਾਰੀ ਪੱਧਰ ਤੇ ਰਾਤ ਰਹਿਣਾ ਚਾਹੁੰਦੇ ਹਨ, ਤਾਂ ਉਹਨਾਂ ਦੀ ਸੂਚਨਾ ਇਸ ਦਫਤਰ ਦੀ ਈ.ਮੇਲ directorscert@yahoo.in ਰਾਹੀਂ ਮੁੱਖ ਦਫ਼ਤਰ ਨੂੰ 20.11.2015 ਤੱਕ ਪੁੱਜਦੀ ਕੀਤੀ ਜਾਵੇ ਤਾਂ ਜੋ ਉਹਨਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਜਾ ਸਕੇ।

ਡਾਇਰੈਕਟਰ 18/11/15

ਐਸ.ਸੀ.ਈ.ਆਰ.ਟੀ., ਪੰਜਾਬ

ਪਿੱਠ ਅੰਕਣ ਨੰ. ਉੱਕਤ ਮਿਤੀ ਐਸ.ਏ.ਐਸ.ਨਗਰ:

ਉੱਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਮਾਨਯੋਗ ਸਿੱਖਿਆ ਮੰਤਰੀ ਪੰਜਾਬ।
2. ਪੀ.ਏ. ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਪੰਜਾਬ।
3. ਪੀ.ਏ. ਡੀ.ਜੀ.ਐਸ.ਈ.ਪੰਜਾਬ।
4. ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬ।
5. ਪੀ.ਏ. ਡਾਇਰੈਕਟਰ ਸਕੂਲ ਸਿੱਖਿਆ(ਸੈ:ਸਿੱ:) ਪੰਜਾਬ।
6. ਪੀ.ਏ. ਡਾਇਰੈਕਟਰ, ਸਕੂਲ ਸਿੱਖਿਆ (ਐ:ਸਿੱ:) ਪੰਜਾਬ।
7. DM(MIS) to put it on website

ਡਾਇਰੈਕਟਰ

ਐਸ.ਸੀ.ਈ.ਆਰ.ਟੀ., ਪੰਜਾਬ